<u>ਨੋਟ:</u> ਪੰਜਾਬ ਸਰਕਾਰ ਵੱਲੋਂ 1967 ਵਿਚ ਬਣਾਏ ਪੰਜਾਬ ਰਾਜ ਭਾਸ਼ਾ ਐਕਟ ਅਤੇ ਇਸ ਐਕਟ ਵਿਚ ਸਾਲ 1969 ਅਤੇ 1982 ਵਿਚ ਜੋ ਸੋਧਾਂ ਕੀਤੀਆਂ ਗਈਆਂ ਉਹ ਕੇਵਲ ਅੰਗਰੇਜ਼ੀ ਭਾਸ਼ਾ ਵਿਚ ਉਪਲੱਬਧ ਹਨ। ਸਾਲ 2008 ਵਿਚ ਜੋ ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ 2008 ਪਾਸ ਕੀਤਾ ਗਿਆ ਇਸ ਦਾ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਪਾਠ ਵੀ ਉਪਲੱਬਧ ਹੈ। ਇਹ ਪੰਜਾਬ ਰਾਜ ਭਾਸ਼ਾ ਐਕਟ 1967 ਦਾ, ਸੋਧਾਂ ਸਮੇਤ ਪੰਜਾਬੀ ਪਾਠ ਹੈ। ਇਸ ਪਾਠ ਵਿਚ ਰਾਜ ਭਾਸ਼ਾ (ਤਰਮੀਮ) ਐਕਟ 2008 ਦਾ ਮੂਲ ਸਰਕਾਰੀ ਪੰਜਾਬੀ ਪਾਠ ਹੂ-ਬ-ਹੂ ਸ਼ਾਮਲ ਕੀਤਾ ਗਿਆ ਹੈ। ਇਸ ਅਨੁਵਾਦ ਦੇ ਅਣਅਧਿਕਾਰਤ ਹੋਣ ਕਾਰਨ ਇਸ ਦੀ ਅਦਾਲਤੀ ਕੰਮ-ਕਾਜ ਲਈ ਵਰਤੋਂ ਨਹੀਂ ਹੋ ਸਕਦੀ।

# ਪੰਜਾਬ ਰਾਜ ਭਾਸ਼ਾ ਐਕਟ, 1967

(1967 ਦਾ ਐਕਟ ਨੰਬਰ 5)

(ਪੰਜਾਬ ਦੇ ਰਾਜਪਾਲ ਦੀ ਮੰਨਜ਼ੂਰੀ 29 ਦਸੰਬਰ, 1967 ਨੂੰ ਪ੍ਰਾਪਤ ਹੋਣ ਤੇ ਪਹਿਲੀ ਵਾਰ ਪੰਜਾਬ ਸਰਕਾਰ ਦੇ ਗਜ਼ਟ (ਵਿਸ਼ੇਸ਼ ਦੇ ਵੇਧਾਨਿਕ ਸਪਲੀਮੈਂਟ ਪਾਰਟ-1 ਵਿਚ 29 ਦਸੰਬਰ, 1967 ਨੂੰ ਛਪਿਆ)

| 1 | 2 | 3 | 4 |
|---|---|---|---|
| ਸਾਲ | ਨੰਬਰ | ਛੋਟਾ ਸਿਰਲੇਖ | ਕਾਨੂੰਨ ਰਾਹੀਂ ਕੀਤੀਆਂ ਸੋਧਾਂ |
| 1967 | 5 | ਪੰਜਾਬ ਭਾਸ਼ਾ ਐਕਟ, 1967 | (1) 1969 ਦੇ ਪੰਜਾਬ ਐਕਟ ਨੰਬਰ 11 ਰਾਹੀਂ ਸੋਧਿਆ ਗਿਆ<br>(2) 1970 ਦੇ ਕਾਨੂੰਨ ਅਪਨਾਣ ਦੇ ਆਦੇਸ਼ ਰਾਹੀਂ ਸੋਧਿਆ ਗਿਆ<br>(3) 1982 ਦੇ ਪੰਜਾਬ ਐਕਟ ਨੰਬਰ 12 ਰਾਹੀਂ ਸੋਧਿਆ ਗਿਆ<br>(4) 2008 ਦੇ ਪੰਜਾਬ ਐਕਟ ਨੰਬਰ 25 ਰਾਹੀਂ ਸੋਧਿਆ ਗਿਆ |

ਪੰਜਾਬੀ ਨੂੰ ਪੰਜਾਬ ਰਾਜ ਵਿਚ ਸਾਰੇ ਜਾਂ ਕੁਝ ਸਰਕਾਰੀ ਮੰਤਵਾਂ ਲਈ ਪ੍ਰਯੋਗ ਹੋਣ ਵਾਲੀ ਭਾਸ਼ਾ ਦੇ ਤੌਰ ਤੇ ਅਪਨਾਣ ਦਾ ਪ੍ਰਬੰਧ ਕਰਨ ਲਈ ਇੱਕ ਕਾਨੂੰਨ।

ਭਾਰਤੀ ਲੋਕ ਰਾਜ ਦੇ 18ਵੇਂ ਸਾਲ ਵਿਚ ਪੰਜਾਬ ਰਾਜ ਦੀ ਵਿਧਾਨ ਸਭਾ ਵੱਲੋਂ ਇਹ ਐਕਟ ਹੇਠ ਲਿਖੇ ਅਨੁਸਾਰ ਬਣੇ:

1. ਸੰਖੇਪ ਨਾਂ, ਵਿਸਤਾਰ ਅਤੇ ਆਰੰਭ

   (1) ਇਸ ਐਕਟ ਨੂੰ ਪੰਜਾਬ ਰਾਜ ਭਾਸ਼ਾ ਐਕਟ, 1967 ਕਿਹਾ ਜਾ ਸਕੇਗਾ।

   (2) ਇਹ ਪੂਰੇ ਪੰਜਾਬ ਰਾਜ ਵਿਚ ਲਾਗੂ ਹੋਵੇਗਾ।

   (3) ਇਹ ਤੁਰੰਤ ਪ੍ਰਭਾਵ ਨਾਲ ਲਾਗੂ ਹੋਵੇਗਾ।

2. ਪਰਿਭਾਸ਼ਾਵਾਂ: ਇਸ ਐਕਟ ਵਿਚ, ਜੇਕਰ ਪ੍ਰਸੰਗ ਹੋਰਵੇਂ ਨਾ ਲੋੜੇ-

   (ਏ) 'ਪੰਜਾਬੀ' ਤੋਂ ਭਾਵ ਹੈ ਗੁਰਮੁਖੀ ਲਿੱਪੀ ਵਿਚ ਲਿਖੀ ਪੰਜਾਬੀ

   (ਬੀ) 'ਰਾਜ ਸਰਕਾਰ' ਤੋਂ ਭਾਵ ਹੈ ਪੰਜਾਬ ਰਾਜ ਦੀ ਸਰਕਾਰ

3. **ਪੰਜਾਬੀ ਰਾਜ ਦੀ ਰਾਜ ਭਾਸ਼ਾ**- ਪੰਜਾਬੀ ਪੰਜਾਬ ਰਾਜ ਦੀ ਰਾਜ ਭਾਸ਼ਾ ਹੋਵੇਗੀ।

*6-ਏ **ਕੇਂਦਰ ਅਤੇ ਰਾਜ ਦੇ ਕਾਨੂੰਨਾਂ ਆਦਿ ਦਾ ਅਧਿਕਾਰਕ ਅਨੁਵਾਦ:** ਰਾਜਪਾਲ ਜੀ ਦੇ ਅਧਿਕਾਰ ਅਧੀਨ ਰਾਜ ਦੇ ਸਰਕਾਰੀ ਗਜ਼ਟ ਵਿਚ, ਅਜਿਹੀ ਅਧਿਸੂਚਨਾ ਵਿਚ ਨਿਰਧਾਰਤ ਤਾਰੀਖ ਅਤੇ ਉਸ ਤੋਂ ਬਾਅਦ ਛਪਿਆ ਕੋਈ ਅਧਿਕਾਰਕ ਪੰਜਾਬੀ ਅਨੁਵਾਦ:

*(ਏ) ਕਿਸੇ ਕੇਂਦਰੀ ਕਾਨੂੰਨ ਜਾਂ ਰਾਸ਼ਟਰਪਤੀ ਵੱਲੋਂ ਸੰਵਿਧਾਨ ਦੇ ਸੱਤਵੇਂ ਸ਼ਡਿਊਲ ਦੀ ਸੂਚੀ-3 ਵਿਚ ਦਰਜ ਕਿਸੇ ਵੀ ਵਿਸ਼ੇ ਤੇ ਜਾਰੀ ਕੀਤੇ ਕਿਸੇ ਆਰਡੀਨੈਂਸ ਦਾ

**(ਏ ਏ) ਸੰਵਿਧਾਨ ਦੇ ਸੱਤਵੇਂ ਸ਼ਡਿਊਲ ਦੀ ਸੂਚੀ-2 ਵਿਚ ਦਰਜ ਕਿਸੇ ਵੀ ਮੰਤਵ ਲਈ, ਸੰਵਿਧਾਨ ਦੇ ਆਰੰਭ ਤੋਂ ਪਹਿਲਾਂ ਬਣਾਏ ਕਿਸੇ ਕਾਨੂੰਨ ਦਾ

(ਏ ਏ ਏ) ਸੰਵਿਧਾਨ ਦੀ ਧਾਰਾ 252 ਦੇ ਅਧੀਨ ਪਾਸ ਕੀਤੇ ਕਿਸੇ ਵੀ ਐਕਟ ਦਾ

(ਬੀ) ਰਾਜ ਦੇ ਕਿਸੇ ਵੀ ਐਕਟ ਜਾਂ ਰਾਜਪਾਲ ਵੱਲੋਂ ਜਾਰੀ ਕਿਸੇ ਵੀ ਆਰਡੀਨੈਂਸ, ਜਾਂ

(ਸੀ) ਰਾਜ ਸਰਕਾਰ ਵੱਲੋਂ ਸੰਵਿਧਾਨ ਦੇ ਤਹਿਤ ਜਾਂ ਸੰਸਦ ਜਾਂ ਰਾਜ ਦੀ ਵਿਧਾਨ ਸਭਾ ਵੱਲੋਂ ਪਾਸ ਕੀਤੇ ਕਿਸੇ ਕਾਨੂੰਨ ਦੇ ਤਹਿਤ ਜਾਰੀ ਕੀਤੇ ਕਿਸੇ ਹੁਕਮ, ਨਿਯਮ, ਰੈਗੂਲੇਸ਼ਨ ਅਤੇ ਉਪ-ਨਿਯਮਾਂ ਦਾ ਪੰਜਾਬੀ ਅਨੁਵਾਦ ਉਸ ਦਾ ਅਧਿਕਾਰਕ ਪਾਠ ਮੰਨਿਆ ਜਾਵੇਗਾ।

7. **ਵਿਅਕਤੀ ਦਾ ਰਾਜ ਵਿਚ ਪ੍ਰਯੋਗ ਹੋ ਰਹੀ ਕਿਸੇ ਵੀ ਭਾਸ਼ਾ ਵਿਚ ਪ੍ਰਤੀ-ਬੇਨਤੀ ਦੇਣ ਦਾ ਅਧਿਕਾਰ:** ਇਸ ਐਕਟ ਵਿਚਲਾ ਕੁਝ ਵੀ ਕਿਸੇ ਵਿਅਕਤੀ ਨੂੰ ਆਪਣੇ ਕਿਸੇ ਗਿਲੇ ਨੂੰ ਦੂਰ ਕਰਵਾਉਣ ਲਈ, ਕਿਸੇ ਵੀ ਅਫਸਰ ਜਾਂ ਅਥਾਰਟੀ ਨੂੰ, ਰਾਜ ਵਿਚ ਪ੍ਰਯੋਗ ਹੋ ਰਹੀ, ਹਿੰਦੀ ਸਮੇਤ, ਕਿਸੇ ਵੀ ਭਾਸ਼ਾ ਵਿਚ ਪ੍ਰਤੀ-ਬੇਨਤੀ ਦੇਣ ਤੋਂ ਵੰਚਿਤ ਨਹੀਂ ਕਰੇਗਾ।

8. **ਹਿੰਦੀ ਭਾਸ਼ਾ ਦਾ ਪ੍ਰਸਾਰ:** ਇਸ ਐਕਟ ਵਿਚਲੀਆਂ ਵਿਵਸਥਾਵਾਂ ਤੋਂ ਪ੍ਰਭਾਵ ਲਏ ਬਗੈਰ, ਰਾਜ ਸਰਕਾਰ ਹਿੰਦੀ ਭਾਸ਼ਾ ਦੇ ਪ੍ਰਸਾਰ ਲਈ ਲੋੜੀਂਦੇ ਕਦਮ ਚੁੱਕੇਗੀ।

***'**8-ਏ: ਮੁਆਇਨਾ ਕਰਨ ਦੀ ਤਾਕਤ:** ਡਾਇਰੈਕਟਰ ਭਾਸ਼ਾ ਵਿਭਾਗ ਜਾਂ ਉਸ ਦੇ ਅਧੀਨ ਅਤੇ ਇਸ ਮੰਤਵ ਲਈ ਉਸ ਵੱਲੋਂ ਨਾਮਜ਼ਦ ਕੀਤੇ ਗਏ ਅਫਸਰਾਂ ਕੋਲ ਇਸ ਐਕਟ ਦੀਆਂ ਧਾਰਾਵਾਂ 3(ੳ) ਅਤੇ 3(ਅ) ਦੀ ਪਾਲਣਾ ਦਾ ਪਤਾ ਲਗਾਉਣ ਵਾਸਤੇ ਰਾਜ ਸਰਕਾਰ ਦੇ ਸਰਕਾਰੀ ਦਫ਼ਤਰਾਂ, ਜਨਤਕ ਅਦਾਰਿਆਂ, ਬੋਰਡਾਂ, ਕਾਰਪੋਰੇਸ਼ਨਾਂ ਅਤੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਆਦਿ ਦਫ਼ਤਰਾਂ ਦਾ ਮੁਆਇਨਾ ਕਰਨ ਦਾ ਅਧਿਕਾਰ ਹੋਵੇਗਾ। ਦਫ਼ਤਰ ਦਾ ਦਫ਼ਤਰੀ ਰਿਕਾਰਡ ਰੱਖਣ ਵਾਲੇ ਅਫ਼ਸਰ ਆਪਣੇ ਕਬਜੇ ਹੇਠਲਾ ਸਾਰਾ ਰਿਕਾਰਡ ਮੁਆਇਨਾਂ ਕਰਨ ਵਾਲੇ ਡਾਇਰੈਕਟਰ ਜਾਂ ਅਫ਼ਸਰ ਨੂੰ ਮੁਹੱਈਆ ਕਰਾਉਣਗੇ।'"

(2) ਰਾਜ ਪੱਧਰੀ ਅਧਿਕਾਰਤ ਕਮੇਟੀ ਦੀ ਬਣਤਰ ਹੇਠ ਲਿਖੇ ਅਨੁਸਾਰ ਹੋਵੇਗੀ:

| | | |
|---|---|---|
| 1. | ਸਿੱਖਿਆ ਮੰਤਰੀ, ਪੰਜਾਬ: | ਚੇਅਰਪਰਸਨ |
| 2. | ਮੀਡੀਆ ਸਲਾਹਕਾਰ/ਮੁੱਖ ਮੰਤਰੀ ਜਾਂ ਮੁੱਖ ਮੰਤਰੀ ਜੀ ਵੱਲੋਂ ਨਾਮਜਦ ਨੁਮਾਇੰਦਾ: | ਮੈਂਬਰ |
| 3. | ਐਡਵੋਕੇਟ ਜਨਰਲ, ਪੰਜਾਬ ਜਾਂ ਉਹਨਾਂ ਦਾ ਨੁਮਾਇੰਦਾ: | ਮੈਂਬਰ |
| 4. | ਸਕੱਤਰ ਸਕੂਲ ਸਿੱਖਿਆ: | ਮੈਂਬਰ |
| 5. | ਸਕੱਤਰ ਉਚੇਰੀ ਸਿੱਖਿਆ: | ਮੈਂਬਰ |
| 6. | ਕਾਨੂੰਨੀ ਮਸ਼ੀਰ ਤੇ ਸਕੱਤਰ, ਪੰਜਾਬ ਸਰਕਾਰ: | ਮੈਂਬਰ |

7. ਰਾਜ ਸਰਕਾਰ ਵੱਲੋਂ ਨਾਮਜਦ ਸਾਹਿਤ ਸਭਾਵਾਂ ਦੇ ਦੋ ਨੁਮਾਇੰਦੇ: ਮੈਂਬਰ

8. ਰਾਜ ਸਰਕਾਰ ਵੱਲੋਂ ਨਾਮਜਦ ਪੰਜਾਬੀ ਪ੍ਰੈਸ ਨਾਲ ਜੁੜੇ ਤਿੰਨ ਉੱਘੇ ਪ੍ਰਤੀਨਿਧ: ਮੈਂਬਰ

9. ਰਾਜ ਸਰਕਾਰ ਵੱਲੋਂ ਨਾਮਜਦ ਚਾਰ ਜਨਤਕ ਨੁਮਾਇੰਦੇ: ਮੈਂਬਰ

10. ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ: ਕਨਵੀਨਰ

3. ਰਾਜ ਪੱਧਰੀ ਅਧਿਕਾਰਤ ਕਮੇਟੀ ਨੂੰ ਇਸ ਐਕਟ ਦੀਆਂ ਧਾਰਾਵਾਂ ਤੇ ਅਮਲ ਕਰਵਾਉਣ ਹਿਤ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਨੂੰ ਜਿਵੇਂ ਉਹ ਠੀਕ ਸਮਝੇ ਨਿਰਦੇਸ਼ ਜਾਰੀ ਕਰਨ ਦਾ ਅਧਿਕਾਰ ਹੋਵੇਗਾ।

4. ਇਹ ਰਾਜ ਪੱਧਰੀ ਅਧਿਕਾਰਤ ਕਮੇਟੀ ਹਰ ਛੇ ਮਹੀਨਿਆਂ ਵਿਚ ਘੱਟ ਤੋਂ ਘੱਟ ਇੱਕ ਮੀਟਿੰਗ ਕਰੇਗੀ।

*****8-ਸੀ: ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ:** (1) ਇਸ ਐਕਟ ਦੀਆਂ ਧਾਰਾਵਾਂ ਤੇ ਅਮਲ ਦੀ ਸਮੀਖਿਆ ਕਰਨ ਲਈ ਇੱਕ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਹੋਵੇਗੀ।

(2) ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਦੀ ਬਣਤਰ ਹੇਠ ਲਿਖੇ ਅਨੁਸਾਰ ਹੋਵੇਗੀ:

1. ਮੁੱਖ ਮੰਤਰੀ ਜੀ ਵੱਲੋਂ ਨਾਮਜਦ ਸਬੰਧਤ ਜ਼ਿਲ੍ਹੇ ਦਾ ਇੱਕ ਮੰਤਰੀ ਜਾਂ ਵਿਧਾਇਕ: ਚੇਅਰਪਰਸਨ

2. ਡਿਪਟੀ ਕਮਿਸ਼ਨਰ: ਵਾਈਸ ਚੇਅਰਮੈਨ

3. ਜ਼ਿਲ੍ਹਾ ਸਿੱਖਿਆ ਅਫਸਰ: ਮੈਂਬਰ

4. ਰਾਜ ਸਰਕਾਰ ਵੱਲੋਂ ਨਾਮਜਦ ਜ਼ਿਲ੍ਹੇ ਵਿਚੋਂ: ਮੈਂਬਰ

5. ਰਾਜ ਸਰਕਾਰ ਵੱਲੋਂ ਨਾਮਜਦ ਪੰਜਾਬੀ ਪ੍ਰੈਸ ਦੇ ਤਿੰਨ ਨੁਮਾਇੰਦੇ: ਮੈਂਬਰ

6. ਜ਼ਿਲ੍ਹਾ ਲੋਕ ਸੰਪਰਕ ਅਫਸਰ: ਮੈਂਬਰ

7. ਰਾਜ ਸਰਕਾਰ ਵੱਲੋਂ ਨਾਮਜਦ ਦੋ ਜਨਤਕ ਨੁਮਾਇੰਦੇ: ਮੈਂਬਰ

8. ਜ਼ਿਲ੍ਹਾ ਅਟਾਰਨੀ: ਮੈਂਬਰ

9. ਜ਼ਿਲ੍ਹਾ ਭਾਸ਼ਾ ਅਫਸਰ: ਕਨਵੀਨਰ

3. ਇਹ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਰਾਜ ਸਰਕਾਰ, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ ਅਤੇ ਲੋਕਲ ਬਾਡੀਜ਼ ਅਤੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਦਫਤਰਾਂ ਵਿਚ ਇਸ ਐਕਟ ਦੀਆਂ ਧਾਰਾਵਾਂ ਤੇ ਅਮਲ ਦੀ ਸਮੀਖਿਆ ਕਰੇਗੀ ਅਤੇ ਰਾਜ ਪੱਧਰੀ ਅਧਿਕਾਰਤ ਕਮੇਟੀ ਨੂੰ ਆਪਣੀ ਰਿਪੋਰਟ ਭੇਜੇਗੀ।

4. ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਰਾਜ ਪੱਧਰੀ ਅਧਿਕਾਰਤ ਕਮੇਟੀ ਵੱਲੋਂ ਇਸ ਐਕਟ ਦੀਆਂ ਧਾਰਾਵਾਂ ਤੇ ਅਮਲ ਸਬੰਧੀ ਜਾਰੀ ਕੀਤੇ ਗਏ ਨਿਰਦੇਸ਼ਾਂ ਦੀ ਪਾਲਣਾ ਕਰੇਗੀ ਅਤੇ ਅਜਿਹੇ ਨਿਰਦੇਸ਼ਾਂ ਦੀ ਪਾਲਣਾ ਸਬੰਧੀ ਆਪਣੀ ਰਿਪੋਰਟ ਭੇਜੇਗੀ।

5. ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਹਰ ਦੋ ਮਹੀਨਿਆਂ ਵਿਚ ਘੱਟ ਤੋਂ ਘੱਟ ਇੱਕ ਮੀਟਿੰਗ ਕਰੇਗੀ।

| | | |
|---|---|---|
| 7. | ਰਾਜ ਸਰਕਾਰ ਵੱਲੋਂ ਨਾਮਜਦ ਸਾਹਿਤ ਸਭਾਵਾਂ ਦੇ ਦੋ ਨੁਮਾਇੰਦੇ: | ਮੈਂਬਰ |
| 8. | ਰਾਜ ਸਰਕਾਰ ਵੱਲੋਂ ਨਾਮਜਦ ਪੰਜਾਬੀ ਪ੍ਰੈਸ ਨਾਲ ਜੁੜੇ ਤਿੰਨ ਉੱਘੇ ਪ੍ਰਤੀਨਿਧ: | ਮੈਂਬਰ |
| 9. | ਰਾਜ ਸਰਕਾਰ ਵੱਲੋਂ ਨਾਮਜਦ ਚਾਰ ਜਨਤਕ ਨੁਮਾਇੰਦੇ: | ਮੈਂਬਰ |
| 10. | ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ: | ਕਨਵੀਨਰ |

3. ਰਾਜ ਪੱਧਰੀ ਅਧਿਕਾਰਤ ਕਮੇਟੀ ਨੂੰ ਇਸ ਐਕਟ ਦੀਆਂ ਧਾਰਾਵਾਂ ਤੇ ਅਮਲ ਕਰਵਾਉਣ ਹਿਤ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਨੂੰ ਜਿਵੇਂ ਉਹ ਠੀਕ ਸਮਝੇ ਨਿਰਦੇਸ਼ ਜਾਰੀ ਕਰਨ ਦਾ ਅਧਿਕਾਰ ਹੋਵੇਗਾ।

4. ਇਹ ਰਾਜ ਪੱਧਰੀ ਅਧਿਕਾਰਤ ਕਮੇਟੀ ਹਰ ਛੇ ਮਹੀਨਿਆਂ ਵਿਚ ਘੱਟ ਤੋਂ ਘੱਟ ਇੱਕ ਮੀਟਿੰਗ ਕਰੇਗੀ।

***8-ਸੀ: ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ:** (1) ਇਸ ਐਕਟ ਦੀਆਂ ਧਾਰਾਵਾਂ ਤੇ ਅਮਲ ਦੀ ਸਮੀਖਿਆ ਕਰਨ ਲਈ ਇੱਕ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਹੋਵੇਗੀ।

(2) ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਦੀ ਬਣਤਰ ਹੇਠ ਲਿਖੇ ਅਨੁਸਾਰ ਹੋਵੇਗੀ:

| | | |
|---|---|---|
| 1. | ਮੁੱਖ ਮੰਤਰੀ ਜੀ ਵੱਲੋਂ ਨਾਮਜਦ ਸਬੰਧਤ ਜ਼ਿਲ੍ਹੇ ਦਾ ਇੱਕ ਮੰਤਰੀ ਜਾਂ ਵਿਧਾਇਕ: | ਚੇਅਰਪਰਸਨ |
| 2. | ਡਿਪਟੀ ਕਮਿਸ਼ਨਰ: | ਵਾਈਸ ਚੇਅਰਮੈਨ |
| 3. | ਜ਼ਿਲ੍ਹਾ ਸਿੱਖਿਆ ਅਫਸਰ: | ਮੈਂਬਰ |
| 4. | ਰਾਜ ਸਰਕਾਰ ਵੱਲੋਂ ਨਾਮਜਦ ਜ਼ਿਲ੍ਹੇ ਵਿਚੋਂ: | ਮੈਂਬਰ |
| 5. | ਰਾਜ ਸਰਕਾਰ ਵੱਲੋਂ ਨਾਮਜਦ ਪੰਜਾਬੀ ਪ੍ਰੈਸ ਦੇ ਤਿੰਨ ਨੁਮਾਇੰਦੇ: | ਮੈਂਬਰ |
| 6. | ਜ਼ਿਲ੍ਹਾ ਲੋਕ ਸੰਪਰਕ ਅਫਸਰ: | ਮੈਂਬਰ |
| 7. | ਰਾਜ ਸਰਕਾਰ ਵੱਲੋਂ ਨਾਮਜਦ ਦੋ ਜਨਤਕ ਨੁਮਾਇੰਦੇ: | ਮੈਂਬਰ |
| 8. | ਜ਼ਿਲ੍ਹਾ ਅਟਾਰਨੀ: | ਮੈਂਬਰ |
| 9. | ਜ਼ਿਲ੍ਹਾ ਭਾਸ਼ਾ ਅਫਸਰ: | ਕਨਵੀਨਰ |

3. ਇਹ ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਰਾਜ ਸਰਕਾਰ, ਸਰਕਾਰੀ ਖੇਤਰ ਦੇ ਅਦਾਰਿਆਂ, ਬੋਰਡਾਂ ਅਤੇ ਲੋਕਲ ਬਾਡੀਜ਼ ਅਤੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਦੇ ਦਫਤਰਾਂ ਵਿਚ ਇਸ ਐਕਟ ਦੀਆਂ ਧਾਰਾਵਾਂ ਤੇ ਅਮਲ ਦੀ ਸਮੀਖਿਆ ਕਰੇਗੀ ਅਤੇ ਰਾਜ ਪੱਧਰੀ ਅਧਿਕਾਰਤ ਕਮੇਟੀ ਨੂੰ ਆਪਣੀ ਰਿਪੋਰਟ ਭੇਜੇਗੀ।

4. ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਰਾਜ ਪੱਧਰੀ ਅਧਿਕਾਰਤ ਕਮੇਟੀ ਵੱਲੋਂ ਇਸ ਐਕਟ ਦੀਆਂ ਧਾਰਾਵਾਂ ਤੇ ਅਮਲ ਸਬੰਧੀ ਜਾਰੀ ਕੀਤੇ ਗਏ ਨਿਰਦੇਸ਼ਾਂ ਦੀ ਪਾਲਣਾ ਕਰੇਗੀ ਅਤੇ ਅਜਿਹੇ ਨਿਰਦੇਸ਼ਾਂ ਦੀ ਪਾਲਣਾ ਸਬੰਧੀ ਆਪਣੀ ਰਿਪੋਰਟ ਭੇਜੇਗੀ।

5. ਜ਼ਿਲ੍ਹਾ ਪੱਧਰੀ ਅਧਿਕਾਰਤ ਕਮੇਟੀ ਹਰ ਦੋ ਮਹੀਨਿਆਂ ਵਿਚ ਘੱਟ ਤੋਂ ਘੱਟ ਇੱਕ ਮੀਟਿੰਗ ਕਰੇਗੀ।

ਤਹਿਤ ਕੀਤੇ
ਲ਼) ਨਿਯਮ,
ਅਥਾਰਟੀ,
ਮੌਕਾ ਦਿੱਤਾ
ੀਤਾ ਜਾਂਦਾ
--------
ਧਾਰਾ 2
ਬੀਤ ਜਾਣ